

## ਅਸਾਧਾਰਣ ਨਤੀਜੇ ਦਾ ਕੀ ਕਾਰਨ ਹੈ?

ਇਨਫੈਕਸ਼ਨ, ਸੋਜਸ਼ ਜਾਂ ਹਾਰਮੋਨ ਵਿਚ ਤਬਦੀਲੀਆਂ ਬੱਚੇਦਾਨੀ ਦੇ ਮੂੰਹ ਦੀ (ਸਰਵੀਕਲ) ਕੈਂਸਰ ਦੇ ਟੈੱਸਟ ਦੇ ਅਸਾਧਾਰਣ ਨਤੀਜਿਆਂ ਦਾ ਕਾਰਨ ਬਣ ਸਕਦੀਆਂ ਹਨ। ਪਰ, ਬਹੁਤੇ ਅਸਾਧਾਰਣ (ਅਬਨੌਰਮਲ) ਨਤੀਜੇ ਇਕ ਆਮ ਵਾਇਰਸ ਕਾਰਨ ਹੁੰਦੇ ਹਨ ਜਿਸ ਨੂੰ ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਆਖਿਆ ਜਾਂਦਾ ਹੈ।

## ਐੱਚ ਪੀ ਵੀ ਕੀ ਹੈ?

ਐੱਚ ਪੀ ਵੀ ਇਕ ਵਾਇਰਸ ਹੈ ਜੋ ਕਿ ਆਮ ਤੌਰ ’ਤੇ ਕੋਈ ਸਮੱਸਿਆਵਾਂ ਪੈਦਾ ਕੀਤੇ ਬਿਨਾਂ ਆਪਣੇ ਆਪ ਹੀ ਹਟ ਜਾਂਦਾ ਹੈ।

ਐੱਚ ਪੀ ਵੀ ਦੇ ਦੋ ਗਰੁੱਪ ਬੱਚੇਦਾਨੀ ਦੇ ਮੂੰਹ (ਸਰਵਿਕਸ) ਵਿਚ ਲਾਗ ਲਾ ਸਕਦੇ ਹਨ – ਘੱਟ ਖਤਰੇ ਵਾਲਾ ਅਤੇ ਜ਼ਿਆਦਾ ਖਤਰੇ ਵਾਲਾ। ਘੱਟ ਖਤਰੇ ਵਾਲੀਆਂ ਕਿਸਮਾਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਨਾਲ ਨਹੀਂ ਜੁੜੀਆਂ ਹੁੰਦੀਆਂ ਪਰ ਇਹ ਗੁਪਤ ਅੰਗਾਂ ’ਤੇ ਮਹੁਕਿਆਂ ਦਾ ਅਤੇ ਟੈੱਸਟ ਦੇ ਅਸਾਧਾਰਣ (ਅਬਨੌਰਮਲ) ਨਤੀਜਿਆਂ ਦਾ ਕਾਰਨ ਬਣ ਸਕਦੀਆਂ ਹਨ। ਐੱਚ ਪੀ ਵੀ ਦੀ ਜ਼ਿਆਦਾ ਖਤਰੇ ਵਾਲੀ ਕਿਸਮ ਨਾਲ ਲੰਬਾ ਸਮਾਂ ਇਨਫੈਕਸ਼ਨ ਰਹਿਣ ਨਾਲ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋ ਸਕਦੀ ਹੈ ਜਾਂ ਕੈਂਸਰ ਤੋਂ ਪਹਿਲਾਂ ਦੇ ਸੈੱਲ ਬਣ ਸਕਦੇ ਹਨ।

ਐੱਚ ਪੀ ਵੀ ਬਹੁਤ ਆਮ ਹੈ ਅਤੇ ਇਹ ਕਿਸੇ ਤਰ੍ਹਾਂ ਦੇ ਵੀ ਕਾਮੁਕ ਸੰਪਰਕ ਨਾਲ ਸੌਖ ਨਾਲ ਫੈਲ ਜਾਂਦਾ ਹੈ। ਇਸ ਵਿਚ ਲਿੰਗਕ ਛੂਹ, ਜ਼ਬਾਨੀ, ਯੋਨੀ ਅਤੇ ਗੁਦਾ ਸੈਕਸ ਸ਼ਾਮਲ ਹਨ।

ਬਹੁਤੇ ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਕਿਸੇ ਵੇਲੇ ਐੱਚ ਪੀ ਵੀ ਲੱਗੇਗਾ – ਅਕਸਰ ਇਸ ਬਾਰੇ ਬਿਨਾਂ ਜਾਣਦੇ ਹੋਏ। ਆਮ ਤੌਰ ’ਤੇ ਸਰੀਰ ਦਾ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਵਾਲਾ ਸਿਸਟਮ) ਦੋ ਸਾਲਾਂ ਵਿਚ ਵਾਇਰਸ ਨੂੰ ਆਪਣੇ ਸਰੀਰ ਵਿੱਚੋਂ ਕੱਢ ਦਿੰਦਾ ਹੈ। ਐੱਚ ਪੀ ਵੀ ਆਪਣੇ ਆਪ ਨਹੀਂ ਨਿਕਲਦਾ ਅਤੇ ਸਮਾਂ ਪਾ ਕੇ ਇਹ ਬੱਚੇਦਾਨੀ ਦੇ ਮੂੰਹ ਵਿਚਲੇ ਸੈੱਲਾਂ ਨੂੰ ਅਸਾਧਾਰਣ ਬਣਾ ਸਕਦਾ ਹੈ।

## ਸਾਡੇ ਨਾਲ ਸੰਪਰਕ ਕਰੋ


BC Cancer Cervix Screening
801-686 West Broadway
Vancouver, BC V5Z 1G1

ਈਮੇਲ: screening@bccancer.bc.ca
ਵੈੱਬ: www.screeningbc.ca/cervix



ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦੇ ਸੰਬੰਧ ਵਿਚ ਕੋਈ ਵੀ ਸਵਾਲ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: (screening@bccancer.bc.ca)


ਇਹ ਬਰੋਸ਼ਰ ਹੋਰ ਜ਼ਬਾਨਾਂ ਵਿਚ ਵੀ ਮਿਲਦਾ ਹੈ। ਅਨੁਵਾਦ ਹੋਏ ਰੂਪ ਲੈਣ ਲਈ www.screeningbc.ca ’ਤੇ ਜਾਓ।


Version: July 2018
Punjabi


BC CANCER CERVIX SCREENING
Provincial Health Services Authority



# ਬੱਚੇਦਾਨੀ ਦੇ ਮੂੰਹ ਦਾ ਟੈੱਸਟ – ਅਸਾਧਾਰਨ ਨਤੀਜੇ

## ਬੱਚੇਦਾਨੀ ਦੇ ਮੂੰਹ ਦੇ ਟੈੱਸਟ ਦੇ ਅਸਾਧਾਰਨ ਨਤੀਜਿਆਂ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

screeningbc.ca/cervix



## ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ (ਪੈਪ ਟੈੱਸਟ) ਦੇ ਅਸਾਧਾਰਣ ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇਦਾਨੀ ਦੇ ਮੂੰਹ ’ਤੇ ਅਜਿਹੇ ਸੈੱਲ ਲੱਭੇ ਹਨ ਜਿਹੜੇ ਨੌਰਮਲ ਨਹੀਂ ਦਿਖਾਈ ਦਿੰਦੇ।

**ਅਸਾਧਾਰਣ ਨਤੀਜੇ ਆਮ ਗੱਲ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਤੁਹਾਡੇ ਵਿਚ ਕੈਂਸਰ ਤੋਂ ਪਹਿਲਾਂ ਦੇ ਸੈੱਲ ਹਨ।**

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ ਦੇ ਅਸਾਧਾਰਣ ਨਤੀਜੇ ਵਾਲੀਆਂ ਔਰਤਾਂ ਵਿਚ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਬਹੁਤ ਘੱਟ ਹੁੰਦੀ ਹੈ। ਪਰ, ਜੇ ਅਸਾਧਾਰਣ ਸੈੱਲ ਦਿਖਾਈ ਦੇਣ ਤਾਂ ਅਗਾਂਹ ਹੋਰ ਟੈੱਸਟਾਂ ਦੀ ਲੋੜ ਹੋ ਸਕਦੀ ਹੈ।

ਅਕਸਰ ਇਹ ਅਸਾਧਾਰਣ ਸੈੱਲ ਆਪਣੇ ਆਪ ਹੀ ਨੌਰਮਲ ਹੋ ਜਾਂਦੇ ਹਨ। ਪਰ ਕੁਝ ਕੇਸਾਂ ਵਿਚ, ਹੋ ਸਕਦਾ ਇਹ ਆਪਣੇ ਆਪ ਨੌਰਮਲ ਨਾ ਹੋਣ, ਅਤੇ ਇਸ ਦੀ ਬਜਾਏ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਬਣ ਜਾਂਦੇ ਹਨ ਜਿਨ੍ਹਾਂ ਨੂੰ ਕੈਂਸਰ ਹੋਣ ਤੋਂ ਰੋਕਥਾਮ ਕਰਨ ਲਈ ਹਟਾਉਣ ਦੀ ਲੋੜ ਹੁੰਦੀ ਹੈ।

ਤੁਹਾਨੂੰ ਆਪਣੇ ਨਤੀਜਿਆਂ ਬਾਰੇ ਅਗਾਂਹ ਹੋਰ ਟੈੱਸਟਾਂ ਜਾਂ ਇਲਾਜ ਦੀ ਲੋੜ ਬਾਰੇ ਆਪਣੇ ਡਾਕਟਰ ਨਾਲ ਵਿਚਾਰ ਕਰਨ ਦੀ ਲੋੜ ਹੁੰਦੀ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਪੈਰਵੀ ਲਈ ਬਣਾਈਆਂ ਗਈਆਂ ਸਾਰੀਆਂ ਅਪੌਇੰਟਮੈਂਟਾਂ ’ਤੇ ਜਾਉ।

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

ਅਸਾਧਾਰਣ ਨਤੀਜੇ ਆਮ ਗੱਲ ਹੈ ਅਤੇ ਇਨ੍ਹਾਂ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ।

ਟੈੱਸਟ ਜਾਂ ਇਲਾਜ ਲਈ ਬਾਅਦ ਦੀਆਂ ਸਾਰੀਆਂ ਅਪੌਇੰਟਮੈਂਟਾਂ ’ਤੇ ਜਾਣਾ ਬਹੁਤ ਜ਼ਰੂਰੀ ਹੈ।

ਇਲਾਜ ਸੌਖਾ ਅਤੇ ਬਹੁਤ ਅਸਰਦਾਰ ਹੈ। ਬਹੁਤੇ ਮਰੀਜ਼ਾਂ ਨੂੰ ਅਗਾਂਹ ਹੋਰ ਕੋਈ ਸਮੱਸਿਆਵਾਂ ਨਹੀਂ ਆਉਣਗੀਆਂ।

ਜੇ ਛੇਤੀ ਪਤਾ ਲੱਗ ਜਾਵੇ ਤਾਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ 85% ਠੀਕ ਹੋਣਯੋਗ ਹੈ।

## ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ ਦੇ ਅਸਾਧਾਰਣ ਨਤੀਜੇ ਤੋਂ ਬਾਅਦ ਕੀ ਹੁੰਦਾ ਹੈ?

ਇਹ ਇਸ ਚੀਜ਼ ’ਤੇ ਨਿਰਭਰ ਕਰੇਗਾ ਕਿ ਤੁਹਾਡੇ ਸੈੱਲਾਂ ਵਿਚ ਕਿਸ ਕਿਸਮ ਦੀਆਂ ਤਬਦੀਲੀਆਂ ਹੋਈਆਂ ਹਨ:

### ਸੈੱਲਾਂ ਵਿਚ ਹਲਕੀਆਂ ਤਬਦੀਲੀਆਂ

ਤੁਹਾਡਾ ਡਾਕਟਰ ਤੁਹਾਡਾ ਟੈੱਸਟ 6 ਮਹੀਨਿਆਂ ਵਿਚ ਦੁਬਾਰਾ ਕਰਾਏਗਾ।

ਸੈੱਲਾਂ ਵਿਚ ਹਲਕੀਆਂ ਤਬਦੀਲੀਆਂ ਆਮ ਤੌਰ ’ਤੇ ਆਪਣੇ ਆਪ ਹੀ ਨੌਰਮਲ ਹੋ ਜਾਂਦੀਆਂ ਹਨ ਪਰ ਪੱਕਾ ਕਰਨ ਲਈ ਇਕ ਹੋਰ ਟੈੱਸਟ ਦੀ ਲੋੜ ਹੁੰਦੀ ਹੈ।

ਬੱਚੇਦਾਨੀ ਦੇ ਮੂੰਹ ਦੇ ਸੈੱਲ ਹੌਲੀ ਹੌਲੀ ਬਦਲਦੇ ਹਨ। ਇਸ ਕਰਕੇ ਹੀ ਤੁਹਾਨੂੰ ਬੱਚੇਦਾਨੀ ਦੇ ਮੂੰਹ ਦੇ ਆਪਣੇ ਅਗਲੇ ਟੈੱਸਟ ਲਈ 6 ਮਹੀਨੇ ਉਡੀਕ ਕਰਨ ਲਈ ਕਿਹਾ ਗਿਆ ਹੈ।

### ਸੈੱਲਾਂ ਵਿਚ ਦਰਮਿਆਨੀਆਂ ਤੋਂ ਭਾਰੀ ਤਬਦੀਲੀਆਂ

ਤੁਹਾਡਾ ਡਾਕਟਰ ਤੁਹਾਨੂੰ ਕੋਪੌਸਕੋਪੀ ਲਈ ਕਿਸੇ ਸਪੈਸ਼ਲਿਸਟ ਕੋਲ ਭੇਜੇਗਾ ਜੋ ਕਿ ਇਕ ਟੈੱਸਟ ਹੈ ਜਿਹੜਾ ਸਪੈਸ਼ਲਿਸਟ ਨੂੰ ਤੁਹਾਡੀ ਬੱਚੇਦਾਨੀ ਦੇ ਮੂੰਹ ਨੂੰ ਨੇੜਿਉਂ ਦੇਖਣ ਦਿੰਦਾ ਹੈ।

ਤੁਹਾਨੂੰ ਕੈਂਸਰ ਹੋਣ ਦੀ ਸੰਭਾਵਨਾ ਨਹੀਂ ਹੁੰਦੀ, ਪਰ ਸੈੱਲਾਂ ਵਿਚ ਦਰਮਿਆਨੀਆਂ ਅਤੇ ਭਾਰੀਆਂ ਤਬਦੀਲੀਆਂ ਦੇ ਆਪਣੇ ਆਪ ਵਾਪਸ ਨੌਰਮਲ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ ਅਤੇ ਇਸ ਲਈ ਆਮ ਤੌਰ ’ਤੇ ਇਲਾਜ ਦੀ ਲੋੜ ਹੁੰਦੀ ਹੈ।

## ਕੋਪੌਸਕੋਪੀ ਕੀ ਹੈ?

ਕੋਪੌਸਕੋਪੀ ਇਕ ਟੈੱਸਟ ਹੈ ਜਿੱਥੇ ਵੱਡਾ ਕਰਕੇ ਦੇਖਣ ਵਾਲਾ ਇਕ ਖਾਸ ਯੰਤਰ – ਕੋਪੌਸਕੋਪ – ਤੁਹਾਡੀ ਬੱਚੇਦਾਨੀ ਦੇ ਮੂੰਹ ਨੂੰ ਨੇੜਿਉਂ ਦੇਖਣ ਲਈ ਵਰਤਿਆ ਜਾਂਦਾ ਹੈ।

ਇਸ ਟੈੱਸਟ ਨੂੰ ਕਰਨ ਲਈ ਪੰਜ ਤੋਂ ਦਸ ਮਿੰਟ ਲੱਗਦੇ ਹਨ। ਇਸ ਵਿਚ ਹਸਪਤਾਲ ਰਹਿਣ, ਮਾਸ ਸੁਲਾਉਣ ਜਾਂ ਦਰਦ ਤੋਂ ਦਵਾਈ ਦੇਣ ਦੀ ਲੋੜ ਨਹੀਂ ਪੈਂਦੀ।

ਤੁਹਾਡੀ ਸਰਵਿਕਸ (ਬੱਚੇਦਾਨੀ ਦੇ ਮੂੰਹ) ’ਤੇ ਇਕ ਅਜਿਹੀ ਥਾਂ ਹੋ ਸਕਦੀ ਹੈ ਜਿਸ ਨੂੰ ਸਪੈਸ਼ਲਿਸਟ ਜ਼ਿਆਦਾ ਨੇੜਿਉਂ ਚੈੱਕ ਕਰਨਾ ਚਾਹੁੰਦਾ ਹੋ ਸਕਦਾ ਹੈ। ਜੇ ਅਜਿਹਾ ਹੋਵੇ ਤਾਂ ਉਹ ਤੁਹਾਡੀ ਸਰਵਕਿਸ ਤੋਂ ਟਿਸ਼ੂ ਦਾ ਇਕ ਛੋਟਾ ਨਮੂਨਾ ਲੈਣਗੇ – ਜਿਸ ਨੂੰ ਸਰਵੀਕਲ ਬਾਇਓਪਸੀ ਆਖਿਆ ਜਾਂਦਾ ਹੈ।

ਬਹੁਤੇ ਮਰੀਜ਼ਾਂ ਨੂੰ ਨਮੂਨਾ ਲੈਣ ਵੇਲੇ ਸਿਰਫ ਹਲਕੀ ਜਿਹੀ ਚੂੰਢੀ ਵੱਢ ਹੁੰਦੀ ਮਹਿਸੂਸ ਹੁੰਦੀ ਹੈ।

## ਕੋਪੌਸਕੋਪੀ ਤੋਂ ਬਾਅਦ ਕੀ ਹੁੰਦਾ ਹੈ?

ਬਾਇਓਪਸੀ ਦੇ ਨਤੀਜੇ ਤਿਆਰ ਹੋਣ ਤੋਂ ਬਾਅਦ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਤੁਹਾਡਾ ਡਾਕਟਰ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ ਅਤੇ ਇਹ ਦੱਸੇਗਾ ਕਿ ਕੀ ਅਸਾਧਾਰਣ ਸੈੱਲਾਂ ਨੂੰ ਕੱਢਣ ਲਈ ਤੁਹਾਨੂੰ ਇਲਾਜ ਦੀ ਲੋੜ ਹੈ।

ਇਹ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਤੁਹਾਡਾ ਡਾਕਟਰ ਤੁਹਾਡੇ ਲਈ ਉਸ ਇਲਾਜ ਦੀ ਸਿਫਾਰਸ਼ ਕਰੇਗਾ ਜਿਹੜਾ ਤੁਹਾਡੇ ਲਈ ਸਭ ਤੋਂ ਬਿਹਤਰ ਹੈ।

ਇਲਾਜ ਆਮ ਤੌਰ ’ਤੇ ਸੌਖਾ ਅਤੇ ਬਹੁਤ ਜ਼ਿਆਦਾ ਅਸਰਦਾਰ ਹੈ। ਬਹੁਤੀਆਂ ਔਰਤਾਂ ਨੂੰ ਅਗਾਂਹ ਕੋਈ ਹੋਰ ਸਮੱਸਿਆਵਾਂ ਨਹੀਂ ਆਉਣਗੀਆਂ।